# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab1@gmail.com

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ),

ਪੰਜਾਬ।

ਮੀਮੋ ਨੰ: 5/3-ICT-2009/Rectt/SCT/CT/SPL/77203

ਮਿਤੀ:26-11-2009

**ਵਿਸ਼ਾ: ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਅਤੇ ਤੀਜੇ ਫੇਜ ਦੇ ਕੰਪਿਊਟਰ ਅਧਿਆਪਕਾਂ ਜਿਨ੍ਹਾਂ ਦੇ ਮੈਰਿਟ ਅੰਕ ਤੈਅ ਮਾਪਢੰਡ ਤੋਂ ਘੱਟ ਹਨ ਦਾ ਟੈਸਟ ਲੈਣ ਸਬੰਧੀ।**

1. ਉਪਰੋਕਤ ਵਿਸ਼ਾ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਵਿੱਚ ਆਈ.ਸੀ.ਟੀ ਪ੍ਰੋਜੈਕਟ ਅਧੀਨ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਦੀ ਭਰਤੀ ਲਈ ਮਿਤੀ 28-03-2008 ਨੂੰ 1500 ਪੋਸਟਾਂ ਵਿਗਿਆਪਤ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਲਿਖਤੀ ਟੈਸਟ ਮਿਤੀ 08-06-2008 ਨੂੰ ਲਿਆ ਗਿਆ ਸੀ। ਇਸ ਲਿਖਤੀ ਟੈਸਟ ਵਿੱਚ ਜਿਨ੍ਹਾਂ ਉਮੀਦਵਾਰਾਂ ਦੇ ਬੈਂਚ ਮਾਰਕ (ਜਨਰਲ ਵਰਗ ਲਈ 35 ਅਤੇ ਰਾਖਵੇਂ ਵਰਗ ਲਈ 20) ਤੋਂ ਘੱਟ ਅੰਕ ਪ੍ਰਾਪਤ ਕੀਤੇ ਸਨ, ਦੇ ਨਿਯੁਕਤੀ ਪੱਤਰ ਅਤੇ ਇਕਰਾਰ ਦੀਆਂ ਸ਼ਰਤਾਂ ਅਨੁਸਾਰ ਲਿਖਤੀ ਟੈਸਟ ਇੱਕ ਸਾਲ ਦੇ ਅੰਦਰ-ਅੰਦਰ ਪਾਸ ਕਰਨਾ ਤੈਅ ਹੋਇਆ ਸੀ ਜੋ ਕਿ ਮਿਤੀ 05-07-2009 ਨੂੰ ਲਿਆ ਜਾਣਾ ਸੀ, ਪਰ ਕਿਸੇ ਕਾਰਨਾਂ ਕਰਕੇ ਮੁਲਤਵੀ ਕਰ ਦਿੱਤਾ ਗਿਆ ਸੀ, ਹੁਣ ਜਨਵਰੀ 2010 ਵਿੱਚ ਲੈਣਾ ਤੈਅ ਹੋਇਆ ਹੈ।ਇਸਦੇ ਨਾਲ ਹੀ ਸਬਸਟੀਚਿਊਟ ਕੰਪਿਊਟਰ ਅਧਿਆਪਕ ਜਿਨ੍ਹਾਂ ਨੂੰ ਕੈਬਿਨੇਟ ਦੇ ਮੈਮੋਰੰਡਮ ਦੀਆਂ ਸ਼ਰਤਾਂ ਅਨੁਸਾਰ ਡੇਢ ਸਾਲ ਦੇ ਸਮੇਂ ਵਿੱਚ ਲਿਖਤੀ ਟੈਸਟ ਪਾਸ ਕਰਨ ਦੇ ਤਿੰਨ ਮੌਕੇ ਦਿੱਤੇ ਜਾਣੇ ਸਨ, ਜੋ ਕਿ ਮਿਤੀ 08-06-2008, 21-12-2008 ਅਤੇ 21-06-2009 ਨੂੰ ਦਿੱਤੇ ਜਾ ਚੁੱਕੇ ਹਨ ਅਤੇ ਇਨ੍ਹਾਂ ਵਿੱਚੋਂ ਜੋ ਉਮੀਦਵਾਰ ਟੈਸਟ ਪਾਸ ਨਹੀਂ ਕਰ ਸਕੇ, ਦੇ ਕੇਸਾਂ ਨੂੰ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ ਵੱਲੋਂ ਸੁਹਿਰਦਿਤਾ ਨਾਲ ਵਿਚਾਰਦੇ ਹੋਏ ਮਿਤੀ 28-10-2009 ਨੂੰ ਲਏ ਫੈਸਲੇ ਅਨੁਸਾਰ ਟੈਸਟ ਪਾਸ ਕਰਨ ਦਾ ਇੱਕ ਹੋਰ ਮੌਕਾ ਜਨਵਰੀ, 2010 ਵਿੱਚ ਦਿੱਤਾ ਜਾਣਾ ਹੈ। ਅਜਿਹੇ ਉਮੀਦਵਾਰਾਂ ਦਾ ਟੈਸਟ ਮਿਤੀ 17-01-2010 ਨੂੰ ਐਤਵਾਰ ਵਾਲੇ ਦਿਨ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਹੋਵੇਗਾ।

2. ਉਮੀਦਵਾਰ ਆਪਣੇ ਫਾਰਮ ਜੋ ਕਿ ssapunjab.org ਵੈਬ ਸਾਈਟ ਤੇ ਉਪਲਬਧ ਹੈ, ਸਬੰਧਤ ਜਿਲਾ ਸਿੱਖਿਆ ਅਫਸਰ (ਸੈ.ਸਿੱ) ਨੂੰ ਮਿਤੀ 11-12-2009 ਤੱਕ ਜਮਾਂ ਕਰਵਾਉਣਗੇ। ਸਬਸਟੀਚਿਊਟ ਕੰਪਿਊਟਰ ਟੀਚਰ ਫਾਰਮ ਦੇ ਨਾਲ 150/- ਰੁਪਏ ਦੀ ਰਾਸ਼ੀ ਦਾ ਬੈਂਕ ਡਰਾਫਟ ਨਾਲ ਜਮਾਂ ਕਰਵਾਉਣਗੇ। ਬੈਂਕ ਡਰਾਫਟ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਦੇ ਨਾਮ ਦਾ ਹੋਣਾ ਚਾਹੀਦਾ ਹੈ। ਜਦੋਂ ਕਿ ਕੰਪਿਊਟਰ ਅਧਿਆਪਕ 150/- ਦੀ ਰਾਸ਼ੀ ਦਾ ਡਰਾਫਟ ਪਹਿਲਾਂ ਹੀ ਭੇਜ ਚੁੱਕੇ ਹਨ ਅਤੇ ਅਜਿਹੇ ਕੰਪਿਊਟਰ ਅਧਿਅਪਕਾਂ ਦੀ ਲਿਸਟ ssapunjab.org ਵੈਬ ਸਾਈਟ ਤੇ ਉਪਲਬਧ ਹੈ ਇਸ ਲਈ ਉਹ ਕੇਵਲ ਆਪਣਾ ਫਾਰਮ ਹੀ ਜਮਾਂ ਕਰਵਾਉਣਗੇ। ਜੇਕਰ ਕਿਸੇ ਕੰਪਿਊਟਰ ਅਧਿਆਪਕ ਨੇ ਕਿਸੇ ਕਾਰਨ ਆਪਣਾ ਫਾਰਮ ਪਹਿਲਾਂ ਜਮਾਂ ਨਹੀਂ ਕਰਵਾਇਆ ਤਾਂ ਉਹ 150/- ਰੁਪਏ ਦੀ ਰਾਸ਼ੀ ਦੇ ਡਰਾਫਟ ਸਮੇਤ ਹੁਣ ਜਿਲਾ ਸਿੱਖਿਆ ਅਫਸਰ ਕੋਲ ਜਮਾਂ ਕਰਵਾ ਸਕਦਾ ਹੈ। ਉਮੀਦਵਾਰ ਦਾ ਰੋਲ ਨੰਬਰ ਉਹੀ ਹੋਵੇਗਾ ਜੋ ਉਸ ਨੂੰ ਮਿਤੀ 08-06-2008 ਵਾਲੇ ਟੈਸਟ ਦੌਰਾਨ ਅਲਾਟ ਕੀਤਾ ਗਿਆ ਸੀ ਅਤੇ ਵੱਖਰੇ ਤੌਰ ਤੇ ਕੋਈ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ।ਜਿਲਾ ਸਿੱਖਿਆ ਅਫਸਰ (ਸੈ.ਸਿੱ) ਆਪਣੇ ਜਿਲੇ ਵਿੱਚ ਅਜਿਹੇ ਕੰਪਿਊਟਰ ਅਧਿਓਪਕਾਂ/ ਸਬਸਟੀਚਿਊਟ ਕੰਪਿਊਟਰ ਟੀਚਰਾਂ ਦੇ ਫਾਰਮ ਇੱਕਠੇ ਕਰਕੇ ਮਿਤੀ 18-12-2009 ਤੱਕ ਇਸ ਦਫਤਰ ਕੋਲ ਸਮੇਤ ਡਰਾਫਟ ਜਮਾਂ ਕਰਵਾਉਣਗੇ।

2. ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਕੰਪਿਊਟਰ ਅਧਿਆਪਕਾਂ ਅਤੇ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**